## ਜੀਵਨ

Part

ਇਹ ਵੱਖਰੀ ਗੱਲ ਏ ਕਿ ਹੁਣ ਅਦਾਲਤਾਂ ਨੇ ਦਖਲ-ਅੰਦਾਜ਼ੀ ਸ਼ੁਰੂ ਕਰ ਦਿੱਤੀ ਹੈ।

**ਮਈ 1996**—ਮੈਂ ਸੋਚਿਆ ਕਾਂਗਰਸ ਪਾਰਟੀ ਹੁਣ ਹਾਰਨੀ ਚਾਹੀਦੀ ਹੈ ਤਾਂ ਹੀ ਤੁਹਾਡੇ ਹੁਕਮ ਦੀ ਪਾਲਣਾ ਹੋ ਸਕੇਗੀ। ਸੋ ਉਹ ਹਾਰ ਗਈ।

**ਜੂਨ 1996**—ਲੱਖੂਭਾਈ ਪਾਠਕ ਕਹਿੰਦਾ ਹੈ ਕਿ ਮੈਂ 420 ਹਾਂ। ਮੈਂ ਕਦੋਂ ਦਾਅਵਾ ਕੀਤਾ ਸੀ ਕਿ ਰਾਜਨੀਤੀ ਇਮਾਨਦਾਰੀ ਨਾਲ ਚਲਦੀ ਹੈ। ਤੁਹਾਡੇ ਵੇਲੇ ਵੀ ਰਾਜਨੀਤੀ ਵਿਚ ਕਦੀ-ਕਦੀ ਬੇਈਮਾਨੀ ਚਲਦੀ ਹੀ ਸੀ। ਅੰਗਰੇਜ਼ਾਂ ਨੇ ਤੁਹਾਡੇ ਨਾਲ ਕਈ ਵਾਰ ਕੀਤੀ। ਭਗਤ ਸਿੰਘ ਨੂੰ ਫਾਂਸੀ ਵੇਲੇ ਤੁਸੀਂ ਵੀ ਤਾਂ ਕਰ ਹੀ ਲਈ ਸੀ। ਖੈਰ, ਹੁਣ ਤਾਂ ਪਾਣੀ ਸਿਰ ਉੱਤੋਂ ਦੀ ਲੰਘ ਗਿਆ ਹੈ। ਗਾਂਧੀ ਜੀ, ਮੈਂ ਪੂਰੀ ਸਿਦਕ ਦਿਲੀ ਨਾਲ ਤੁਹਾਡੇ ਹੁਕਮ ਦੀ ਪਾਲਣਾ ਕੀਤੀ ਹੈ। ਕਾਂਗਰਸ ਦਾ ਬੇੜਾ ਡੋਬਣ ਲਈ ਪੂਰੀ ਇਮਾਨਦਾਰੀ ਨਾਲ ਯਤਨ ਕੀਤਾ ਹੈ। ਮੈਨੂੰ ਮੇਰੇ ਮੋਢਿਆਂ ਤੇ ਹੱਥ ਰੱਖ ਕੇ ਸ਼ਾਬਾਸ਼ ਦੇਵੋ, ਜਿਸ ਤਰ੍ਹਾਂ ਤੁਸੀਂ ਆਪਣੀਆਂ ਚੇਲੀਆਂ ਦੇ ਮੋਢਿਆਂ ਤੇ ਹੱਥ ਰੱਖਦੇ ਸੀ। ਮੈਂ ਹਾਂ, ਤੁਹਾਡਾ ਵਫਾਦਾਰ ਨਰਸਿਮ੍ਹਾ ਰਾਓ ਬਕਲਮਖੁਦ।

## ਬਿਜਲੀ ਦੀ ਘਾਟ ਬਾਰੇ ਹਾਹਾਕਾਰ

ਇਹ ਹੁਣ ਸਥਾਪਤ ਸਚਾਈ ਹੈ ਕਿ ਪੰਜਾਬ ਵਿਚ ਬਿਜਲੀ ਦੀ ਘਾਟ ਵਿਉਂਤਬੱਧੀ ਦੀ ਘਾਟ ਕਰਕੇ ਹੈ। ਅਜੋਕੇ ਯੁੱਗ ਵਿਚ ਬਿਜਲੀ ਪੈਦਾ ਕਰਨ ਦੇ ਅਥਾਹ ਸਾਧਨ ਮਨੁੱਖ ਨੂੰ ਮੁਹੱਈਆ ਹਨ। ਇਸ ਖੇਤਰ ਵਿਚ ਸਾਡੇ ਕਈ ਇੰਜੀਨੀਅਰ ਸੰਸਾਰ ਪ੍ਰਸਿੱਧਤਾ ਦੇ ਮਾਲਕ ਹਨ। ਕੋਈ ਕਾਰਨ ਨਹੀਂ ਕਿ ਇਸ ਦੇਸ਼ ਵਿਚ ਜੀਹਦੇ ਕੋਲ ਪਾਣੀ ਦੀ ਏਨੀ ਤਾਕਤ ਹੈ, ਉਥੇ ਬਿਜਲੀ ਦੀ ਘਾਟ ਹੋਵੇ। ਹਿਮਾਲੀਆ ਪਰਬਤ ਤੋਂ ਦਰਿਆ ਨਿਕਲਦੇ ਹਨ ਤੇ ਫੇਰ ਨਿਵਾਣਾ ਵੱਲ ਤੁਰਦੇ ਸਮੁੰਦਰ ਵਿਚ ਆਪਣਾ ਸਫਰ ਖਤਮ ਕਰਦੇ ਹਨ। ਸਿਲਸਿਲੇਵਾਰ ਧਰਤੀ ਦੀ ਪੱਧਰ ਨੀਵੀਂ ਹੁੰਦੀ ਜਾਂਦੀ ਹੈ। ਵਿਉਂਤਬੱਧ ਤਰੀਕੇ ਨਾਲ ਸੈਂਕੜੇ ਛੋਟੇ-ਛੋਟੇ ਪਣ-ਬਿਜਲੀ ਘਰ ਬਣਾਏ ਜਾ ਸਕਦੇ ਹਨ। ਲੋੜ ਹੈ ਕਿ ਪ੍ਰਬੰਧਕੀ ਨਾਲਾਇਕੀ ਦਾ ਨੋਟਿਸ ਲਿਆ ਜਾਏ। ਆਪਣਾ ਗੁੱਸਾ ਸਿਰਫ ਇਹ ਰੌਲਾ ਪਾ ਕੇ ਨਾ ਠੰਡਾ ਕੀਤਾ ਜਾਏ ਕਿ ਪਟਿਆਲਾ ਵਿਚ ਜਦੋਂ ਲੋਕ ਗਰਮੀ ਨਾਲ ਤਰਾਹ ਤਰਾਹ ਕਰ ਰਹੇ ਹਨ ਤਾਂ ਬਿਜਲੀ ਮਹਿਕਮੇ ਦੇ ਅਫਸਰ ਏਅਰ ਕੰਡੀਸ਼ਨ ਵਿਚ ਬੈਠੇ ਹਨ। ਅੰਗੇਰਜ਼ੀ ਦਾ ਇਕ ਸ਼ਬਦ ਹੈ 'ਕੈਥਾਰਸਿਸ-ਮਤਲਬ ਕਿ ਗਲਤ ਗੱਲ ਵੇਖਕੇ ਬੁੜ-ਬੁੜ ਕਰਕੇ ਜਾਂ ਫੇਰ ਥੋੜਾ ਬਹੁਤ ਰੌਲਾ ਪਾ ਕੇ ਗੁੱਸਾ ਕੱਢ ਲਵੋ ਪਰ ਗੱਲ ਉਥੇ ਦੀ ਉਥੇ ਹੀ ਰਵ੍ਹੇ। ਲੋੜ ਹੈ ਕਿ ਆਵਾਮੀ ਜਥੇਬੰਦੀਆਂ ਅੰਦੋਲਨ ਕਰਨ ਅਤੇ ਪ੍ਰਬੰਧਕਾਂ ਦੀ ਨਾਲਾਇਕੀ ਲੋਕਾਂ ਵਿਚ ਨੰਗੀ ਕਰਕੇ ਪ੍ਰਬੰਧਕਾਂ ਨੂੰ ਮਜਬੂਰ ਕਰਨ ਕਿ ਉਹ ਇਸ ਸੰਕਟ ਦਾ ਹੱਲ ਲੱਭਣ। ਜਿੰਨਾ ਚਿਰ ਬਿਜਲੀ ਪੂਰੀ ਨਹੀਂ ਤਾਂ ਉਹਦੀ ਪੀੜ ਸ਼ਹਿਰਾਂ ਤੇ ਪਿੰਡਾਂ ਵਿਚ ਬਰਾਬਰ ਦੀ ਵੰਡਣ। ਚੱਠਾ ਸਾਹਿਬ ਨੂੰ ਘਰੋਂ ਬੈਠਿਆਂ ਨੂੰ ਉਠਾਕੇ ਬਿਜਲੀ ਮਹਿਕਮੇ ਦਾ ਮੁਖੀ ਬਣਾਇਆ ਗਿਆ ਹੈ। ਕੀ ਇਹ ਪ੍ਰਬੰਧਕੀ ਲਿਆਕਤ ਕਰਕੇ ਬਣਾਇਆ ਗਿਆ ਹੈ ਜਾਂ ਉਨ੍ਹਾਂ ਦੀ ਪੈਸੇ ਇਕੱਠੇ ਕਰਨ ਦੀ ਪ੍ਰਤਿਭਾ ਕਰਕੇ ਬਣਾਇਆ ਗਿਆ ਹੈ? ਇਹ ਲੋਕਾਂ ਨੇ ਦੇਖਣਾ ਹੈ।